# ਆਜ਼ਾਦ ਦੀ ਪੰਡਤ ਜਵਾਹਰ ਲਾਲ ਨਹਿਰੂ ਨਾਲ ਮੁਲਾਕਾਤ

"ਪੰ. ਜਵਾਹਰ ਲਾਲ ਨਹਿਰੂ ਅਨੁਸਾਰ, "ਮੈਨੂੰ ਇੱਕ ਵਚਿੱਤਰ ਘਟਨਾ ਚੇਤੇ ਹੈ, ਜਿਸ ਦੁਆਰਾ ਮੈਨੂੰ ਹਿੰਸਾਵਾਦੀ ਪਾਰਟੀ ਦੀ ਸੋਚ-ਬਿਰਤੀ ਦਾ ਅਨੁਭਵ ਹੋਇਆ। ਇੱਕ ਓਪਰਾ ਨੌਜਵਾਨ ਸਾਡੇ ਘਰ ਆਇਆ, ਤੇ ਮੈਨੂੰ ਦੱਸਿਆ ਗਿਆ ਕਿ ਉਹ ਚੰਦਰ ਸ਼ੇਖਰ ਆਜ਼ਾਦ ਹੈ। ਮੈਂ ਉਸ ਨੂੰ ਕਦੇ ਵੇਖਿਆ ਤਾਂ ਨਹੀਂ ਸੀ, ਪਰ ਮੈਨੂੰ ਕੋਈ ਦੱਸ ਸਾਲ ਪੁਰਾਣੀ, ਉਸ ਦੀ 15 ਸਾਲ ਦੀ ਉਮਰੇ ਸਤਿਆਗ੍ਰਹਿ ਕਾਰਨ ਜੇਲ੍ਹ ਅੰਦਰ ਕੋੜਿਆਂ ਦੀ ਮਾਰ ਝੱਲਣ ਦੀ ਕਹਾਣੀ ਯਾਦ ਸੀ। ਪਿਛੋਂ ਉਹ ਕ੍ਰਾਂਤੀਕਾਰੀ ਬਣ ਗਿਆ ਸੀ, ਤੇ ਉਤਰੀ ਭਾਰਤ ਦੇ ਸਿਰ ਕੱਢ ਆਗੂਆਂ ਵਿੱਚੋਂ ਸੀ। ਪਰ ਮੈਂ ਕਦੇ ਏਧਰ ਖ਼ਾਸ ਧਿਆਨ ਨਹੀਂ ਸੀ ਦਿੱਤਾ। ਮੈਂ ਉਸ ਦੇ ਆਉਣ ਤੇ ਹੈਰਾਨ ਜਿਹਾ ਹੋਇਆ ਸਾਂ।

"ਉਹ ਮੇਰੇ ਕੋਲ ਇਹ ਪੁਛਣ ਲਈ ਆਇਆ ਸੀ ਕਿ ਛੇਤੀ ਹੀ, ਜੋ ਕਾਂਗਰੇਸ ਤੇ ਸਰਕਾਰ ਵਿਚਾਲੇ ਸਮਝੌਤਾ ਵਾਰਤਾ ਹੋਣ ਜਾ ਰਹੀ ਸੀ, ਉਹਦੇ ਸਿੱਟੇ ਵਜੋਂ ਕੀ ਸਾਡੇ ਤੇ ਵੀ ਕੋਈ ਨਰਮੀ ਵਰਤੇ ਜਾਣ ਦੀ ਸੰਭਾਵਨਾ ਹੈ? ਜਾਂ ਕਿ ਚੋਰਾਂ-ਡਾਕੂਆਂ ਵਾਂਗ ਪੁਲਿਸ ਸਾਡਾ ਪਿੱਛਾ ਕਰਦਿਆਂ, ਸਫ਼ਾਇਆ ਹੀ ਕਰਦੀ ਰਹੇਗੀ? ਕੀ ਸਾਨੂੰ ਆਪਣੇ ਉੱਦੇਸ਼ ਦੀ ਪ੍ਰਾਪਤੀ ਲਈ ਸ਼ਾਂਤੀ-ਪੂਰਵਕ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ?

"ਉਸ ਨੇ ਮੈਨੂੰ ਆਪਣੇ ਵਲੋਂ ਤੇ ਆਪਣੇ ਬਹੁਤੇ ਸਾਥੀਆਂ ਵਲੋਂ ਯਕੀਨ ਦੁਆਇਆ ਕਿ ਉਹਨਾਂ ਦੀ ਅੱਜ ਦੇ ਦਿਨ ਇਹ ਧਾਰਨਾ ਹੈ ਕਿ ਨਿਰੋਲ ਹਿੰਸਕ ਕਾਰਵਾਈਆਂ ਦਾ ਕੋਈ ਭੱਵਿਖ ਨਹੀਂ ਦਿਸ ਰਿਹਾ। ਹਾਲਾਂਕਿ ਉਹ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਨਿਰੇ-ਪੂਰੇ ਅਹਿੰਸਕ ਢੰਗ ਨਾਲ ਆਜ਼ਾਦੀ ਮਿਲ ਜਾਏਗੀ। ਉਸਨੇ ਮੰਨਿਆ ਕਿ ਤਾਂ ਜਿਵੇਂ ਉਹ ਹੁਣ ਹਿੰਸਕ ਨੀਤੀ ਤੋਂ ਕਿਨਾਰਾ ਕਰਨ ਲਈ ਰਾਜ਼ੀ ਹਨ, ਪਰ ਜੇ ਉਨ੍ਹਾਂ ਲਈ ਹੋਰ ਕੋਈ ਵਿਕਲਪ ਨਾ ਰਿਹਾ ਤਾਂ ਉਹ ਫਿਰ ਆਪਣੀ ਸੁਰਖਿਆ ਲਈ ਪਹਿਲਾ ਵਾਂਗ ਹੀ ਸਰਗਰਮੀਆਂ ਜਾਰੀ ਰੱਖਣ ਲਈ ਮਜ਼ਬੂਰ ਹੋਣਗੇ।

"ਪੰਦਰਾ-ਵੀਹ ਦਿਨ ਮਗਰੋਂ, ਜਦੋਂ ਗਾਂਧੀ-ਇਰਵਨ ਵਾਰਤਾ ਚਲ ਰਹੀ ਸੀ, ਤਾਂ ਮੈਂ ਦਿੱਲੀ 'ਚ ਸੁਣਿਆ ਕਿ ਚੰਦਰ ਸ਼ੇਖਰ ਆਜ਼ਾਦ ਇਲਾਹਾਬਾਦ ਵਿੱਚ ਪੁਲਿਸ ਹੱਥੋਂ ਮਾਰ ਦਿੱਤਾ ਗਿਆ ਹੈ। ਉਸ ਨੂੰ ਪੁਲਿਸ ਨੇ ਚਿੱਟੇ-ਦਿਨ ਪਾਰਕ ਵਿੱਚ ਬੈਠੇ ਨੂੰ ਪਹਿਚਾਣ ਲਿਆ ਸੀ, ਤੇ ਵੱਡੀ ਗਿਣਤੀ ਵਿੱਚ ਪੁਲਿਸ ਨੇ ਉਸਨੂੰ ਘੇਰ ਲਿਆ, ਜਿਸ ਤੇ ਉਸ ਨੇ ਇੱਕ ਦਰਖ਼ਤ ਦੀ ਓਟ ਲੈਂਦਿਆਂ ਪੁਲਿਸ 'ਤੇ ਗੋਲੀਆਂ ਚਲਾਈਆਂ। ਇਸ ਦੁਤਲੀ ਗੋਲੀ ਬਾਰੀ 'ਚ ਇੱਕ ਦੋ ਪੁਲਿਸ ਵਾਲੇ ਵੀ ਘਾਇਲ ਹੋਏ" — *ਆਤਮਕਥਾ: ਪੰਡਤ ਜਵਾਹਰ ਲਾਲ ਨਹਿਰੂ*।

ਮਲਵਿੰਦਰ ਜੀਤ ਸਿੰਘ ਵੜੈਚ
ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109
ਈਮੇਲ: mjswaraich29@gmail.com
ਫੋਨ: 0172-2556314